**ਸਾਰ - ਬਜ਼ੁਰਗ ਵਿਅਕਤੀਆਂ ਲਈ ਰਣਨੀਤਕ ਢਾਂਚਾ ਅਤੇ ਭਵਿੱਖ ਦੀਆਂ ਕਾਰਵਾਈਆਂ**

ਵੱਧਦੀ ਬਜ਼ੁਰਗ ਆਬਾਦੀ ਦੇ ਪ੍ਰਤੀ ਵਧੇਰੇ ਸਮਾਵੇਸ਼ੀ ਅਤੇ ਸਹਾਇਕ ਬਣਨ ਵਿੱਚ ਵੈਨਕੂਵਰ ਸਿਟੀ ਦੀ ਮਦਦ ਕਰਨ ਲਈ, ਅਸੀਂ ਬਜ਼ੁਰਗਾਂ ਲਈ ਰਣਨੀਤਕ ਢਾਂਚਾ ਅਤੇ 2025 ਲਈ ਸ਼ੁਰੂਆਤੀ ਕਾਰਵਾਈਆਂ ਵਿਕਸਿਤ ਕੀਤੀਆਂ ਹਨ। ਇਸ ਢਾਂਚੇ ਨੂੰ ਕੌਂਸਲ ਦੁਆਰਾ ਫਰਵਰੀ 2025 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਇਸ ਢਾਂਚੇ ਵਿੱਚ, 55 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਬਜ਼ੁਰਗ ਮੰਨਿਆ ਗਿਆ ਹੈ।

ਇਹ ਢਾਂਚਾ ਵੈਨਕੂਵਰ ਵਿੱਚ ਬਜ਼ੁਰਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਛੇ ਟੀਚੇ ਨਿਰਧਾਰਤ ਕਰਦਾ ਹੈ। ਹਰੇਕ ਟੀਚੇ ਦੇ ਨਾਲ ਹੋਰ ਖਾਸ ਉਦੇਸ਼ ਹਨ ਜੋ ਉਸਦੇ ਨਾਲ-ਨਾਲ ਚੱਲਦੇ ਹਨ। ਉਦਾਹਰਨ ਲਈ:

| **ਢਾਂਚੇ ਦੇ ਛੇ ਟੀਚੇ। ਵੈਨਕੂਵਰ ਵਿੱਚ ਬਜ਼ੁਰਗ:** | **ਉਦੇਸ਼ ਦੀਆਂ ਉਦਾਹਰਨਾਂ:** |
|---|---|
| • ਰੁੱਝੇ ਹੋਏ ਹਨ ਅਤੇ ਸ਼ਾਮਲ ਹਨ | • ਸਮਾਜਿਕ ਸੰਬੰਧ ਵੱਖਰੇਵੇਂ ਅਤੇ ਇਕੱਲਤਾ ਨੂੰ ਘਟਾਉਣ ਅਤੇ ਰੋਕਣ ਵਿੱਚ ਮਦਦ ਕਰਦੇ ਹਨ<br>• ਚੋਣਾਂ, ਜਨਤਕ ਰੁਝੇਵਿਆਂ ਅਤੇ ਹੋਰ ਨਾਗਰਿਕ ਗਤੀਵਿਧੀਆਂ ਵਿੱਚ ਭਾਗੀਦਾਰੀ ਦਾ ਸਮਰਥਨ ਕੀਤਾ ਜਾਂਦਾ ਹੈ |
| • ਜੁੜੇ ਹੋਏ ਹਨ ਅਤੇ ਸੂਚਿਤ ਹਨ | • ਜਾਣਕਾਰੀ ਔਨਲਾਈਨ ਅਤੇ ਵਿਅਕਤੀਗਤ ਤੌਰ 'ਤੇ ਆਸਾਨੀ ਨਾਲ ਪਹੁੰਚਯੋਗ ਹੈ<br>• ਸਟਾਫ਼ ਨੂੰ ਬਜ਼ੁਰਗਾਂ ਬਾਰੇ ਅਤੇ ਉਹਨਾਂ ਨੂੰ ਸਭ ਤੋਂ ਵਧੀਆ ਸੇਵਾ ਕਿਵੇਂ ਦੇਣੀ ਹੈ, ਬਾਰੇ ਜਾਣਕਾਰੀ ਹੈ |
| • ਅਜਿਹੇ ਘਰ ਵਿੱਚ ਰਹਿੰਦੇ ਹਨ ਜੋ ਸਹੀ ਜਗ੍ਹਾ 'ਤੇ ਬੁੱਢੇ ਹੋਣ ਦਾ ਸਮਰਥਨ ਕਰਦਾ ਹੈ | • ਸਾਰੇ ਇਲਾਕਿਆਂ ਵਿੱਚ ਬਜ਼ੁਰਗਾਂ ਲਈ ਕਿਫ਼ਾਇਤੀ ਅਤੇ ਢੁਕਵੀਂ ਰਿਹਾਇਸ਼ ਮੌਜੂਦ ਹੈ<br>• ਘਰ ਸੁਰੱਖਿਅਤ, ਪਹੁੰਚਯੋਗ ਅਤੇ ਗੁਆਂਢੀਆਂ ਨਾਲ ਸੰਬੰਧ ਦਾ ਸਮਰਥਨ ਕਰਦੇ ਹਨ |

| | |
|---|---|
| • ਇੱਜ਼ਤ ਦੇ ਨਾਲ ਘੁੰਮ ਫਿਰ ਸਕਦੇ ਹਨ | • ਆਵਾਜਾਈ ਸੇਵਾਵਾਂ ਭਾਈਚਾਰੇ ਵਿੱਚ ਭਾਗੀਦਾਰੀ ਦਾ ਸਮਰਥਨ ਕਰਦੀਆਂ ਹਨ<br>• ਬੁਨਿਆਦੀ ਢਾਂਚੇ ਵਿੱਚ ਸੁਧਾਰ ਬਜ਼ੁਰਗਾਂ ਨੂੰ ਸੁਰੱਖਿਅਤ ਅਤੇ ਆਸਾਨੀ ਨਾਲ ਯਾਤਰਾ ਕਰਨ ਦੀ ਸਹੂਲਤ ਦਿੰਦੇ ਹਨ। |
| • ਉਹਨਾਂ ਕੋਲ ਅਜਿਹੀਆਂ ਥਾਵਾਂ ਅਤੇ ਸਥਾਨਾਂ ਤੱਕ ਪਹੁੰਚ ਹੈ ਜਿੱਥੇ ਉਹਨਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ | • ਸ਼ਹਿਰ ਭਰ ਵਿੱਚ ਹਰ ਤਰ੍ਹਾਂ ਦੀਆਂ ਯੋਗਤਾਵਾਂ ਵਾਲੇ ਬਜ਼ੁਰਗਾਂ ਲਈ ਥਾਵਾਂ ਅਤੇ ਸਹੂਲਤਾਂ ਉਪਲਬਧ ਹਨ<br>• ਜਨਤਕ ਥਾਵਾਂ ਵਿੱਚ ਸੁਧਾਰ ਬਜ਼ੁਰਗਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹਨ ਅਤੇ ਹਰ ਉਮਰ ਦੇ ਲੋਕਾਂ ਲਈ ਸਮਾਜਿਕ ਸੰਬੰਧ ਨੂੰ ਉਤਸ਼ਾਹਿਤ ਕਰਦੇ ਹਨ |
| • ਨੂੰ ਅਜਿਹੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੁਆਰਾ ਸਮਰਥਨ ਮਿਲਦਾ ਹੈ ਜੋ ਸਿਹਤ ਅਤੇ ਤੰਦਰੁਸਤੀ ਨੂੰ ਸਮਰੱਥ ਬਣਾਉਂਦੀਆਂ ਹਨ | • ਐਮਰਜੈਂਸੀਆਂ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਲਈ ਤਿਆਰ ਰਹਿਣ ਵਾਸਤੇ ਸਹਾਇਤਾ ਉਪਲਬਧ ਹੈ<br>• ਸਿਟੀ ਦੀਆਂ ਗ੍ਰਾਂਟਾਂ ਬਜ਼ੁਰਗਾਂ ਲਈ ਮੁੱਖ ਪ੍ਰੋਗਰਾਮਾਂ, ਸੇਵਾਵਾਂ ਅਤੇ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਭਾਈਚਾਰਕ ਸੰਗਠਨਾਂ ਦਾ ਸਮਰਥਨ ਕਰਨਾ ਜਾਰੀ ਰੱਖਦੀਆਂ ਹਨ |

ਟੀਚਿਆਂ ਅਤੇ ਉਦੇਸ਼ਾਂ ਦੀ ਪੂਰੀ ਸੂਚੀ ਦੇਖੋ

ਹਰੇਕ ਉਦੇਸ਼ ਵਿੱਚ ਹੋਰ ਖਾਸ ਕਾਰਵਾਈਆਂ ਵੀ ਹਨ ਜੋ ਉਸਦੇ ਨਾਲ ਚੱਲਦੀਆਂ ਹਨ। ਬਜ਼ੁਰਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ 2025 ਲਈ ਸ਼ੁਰੂਆਤੀ ਕਾਰਵਾਈਆਂ ਪਹਿਲਾਂ ਹੀ ਚੱਲ ਰਹੀਆਂ ਹਨ। ਇਹਨਾਂ ਵਿੱਚ ਸ਼ਾਮਲ ਹਨ:

- ਬਜ਼ੁਰਗਾਂ ਦੀ ਰਿਹਾਇਸ਼ ਬਣਾਉਣਾ ਸੌਖਾ ਕਰਨਾ,
- ਫੁੱਟਪਾਥ ਸੁਰੱਖਿਆ ਅਤੇ ਪਹੁੰਚਯੋਗਤਾ ਵਿੱਚ ਸੁਧਾਰ
- ਬਜ਼ੁਰਗਾਂ ਦੇ ਡਿਜੀਟਲ ਹੁਨਰਾਂ ਨੂੰ ਬਿਹਤਰ ਬਣਾਉਣ ਵਿੱਚ ਉਹਨਾਂ ਦੀ ਸਹਾਇਤਾ ਕਰਨਾ
- ਬੁੱਢੇ ਹੋਣ ਬਾਰੇ ਜਾਗਰੂਕਤਾ ਪੈਦਾ ਕਰਨਾ
- ਬਜ਼ੁਰਗਾਂ ਦੇ ਮੇਲਜੋਲ ਲਈ ਨਵੀਆਂ ਥਾਵਾਂ ਬਣਾਉਣਾ
- ਕਮਿਊਨਿਟੀ ਸੈਂਟਰਾਂ ਵਿਖੇ ਬਜ਼ੁਰਗਾਂ ਲਈ ਪ੍ਰੋਗਰਾਮਾਂ ਦੀ ਸਮੀਖਿਆ ਕਰਨਾ

**ਰੁਝੇਵਾਂ ਬਸੰਤ 2025**

ਸਿਟੀ ਹੁਣ ਭਵਿੱਖ ਦੀਆਂ ਕਾਰਵਾਈਆਂ ਦੀ ਯੋਜਨਾ ਬਣਾ ਰਿਹਾ ਹੈ ਅਤੇ ਤੁਹਾਡੇ ਸੁਝਾਅ ਚਾਹੁੰਦਾ ਹੈ! ਅਸੀਂ ਵੈਨਕੂਵਰ ਵਿੱਚ ਬਜ਼ੁਰਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੇ ਸਭ ਤੋਂ ਵਧੀਆ ਤਰੀਕਿਆਂ ਬਾਰੇ ਬਜ਼ੁਰਗਾਂ, ਦੇਖਭਾਲ ਕਰਨ ਵਾਲਿਆਂ ਅਤੇ ਸੰਗਠਨਾਂ ਦੇ ਵਿਚਾਰ ਸੁਣਨਾ ਚਾਹੁੰਦੇ ਹਾਂ।

ਤੁਹਾਡੇ ਸੁਝਾਵਾਂ ਦੇ ਆਧਾਰ 'ਤੇ ਸਿਫ਼ਾਰਸ਼ਾਂ 2025 ਦੀ ਪਤਝੜ ਵਿੱਚ ਪ੍ਰਵਾਨਗੀ ਲਈ ਸਿਟੀ ਕੌਂਸਲ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ।

ਬਜ਼ੁਰਗਾਂ ਲਈ ਰਣਨੀਤਕ ਢਾਂਚਾ* ਅਤੇ 2025 ਦੀਆਂ ਸ਼ੁਰੂਆਤੀ ਕਾਰਵਾਈਆਂ ਬਾਰੇ ਹੋਰ ਜਾਣੋ ਅਤੇ ਆਪਣੇ ਵਿਚਾਰ ਸਾਂਝੇ ਕਰੋ! ਬਜ਼ੁਰਗਾਂ ਲਈ ਵਧੇਰੇ ਸਮਾਵੇਸ਼ੀ ਅਤੇ ਸਹਾਇਕ ਵੈਨਕੂਵਰ ਬਣਾਉਣ ਵਿੱਚ ਸਾਡੀ ਮਦਦ ਕਰੋ।